ਮਿੱਠੇ ਬੱਚੇ:- ਸ੍ਰੇਸ਼ਠ ਤੇ ਸ੍ਰੇਸ਼ਠ ਬਣਨ ਲਈ ਖੁਦ ਭਗਵਾਨ ਤੁਹਾਨੂੰ ਸ੍ਰੇਸ਼ਠ ਮਤ ਦੇ ਰਹੇ ਹਨ , ਜਿਸ ਨਾਲ ਤੁਸੀਂ ਨਰਕਵਾਸੀ ਤੋਂ ਸਵਰਗਵਾਸੀ ਬਣ ਜਾਂਦੇ ਹੋ। "

ਪ੍ਰਸ਼ਨ:- ਦੇਵਤਾ ਬਣਨ ਲਈ ਬੱਚਿਆਂ ਨੂੰ ਵਿਸ਼ੇਸ਼ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ?

ਉੱਤਰ:- ਕਦੀ ਕਿਸੇ ਗੱਲ ਵਿੱਚ ਰੁਸਨਾ ਨਹੀਂ, ਸ਼ਕਲ ਮੁਰਦੇ ਵਰਗੀ ਨਹੀਂ ਕਰਨੀ ਹੈ। ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ। ਦੇਵਤਾ ਬਣਨਾ ਹੈ ਤਾਂ ਮੂੰਹ ਤੋਂ ਸਦੈਵ ਫੁੱਲ ਨਿਕਲਣ। ਜੇਕਰ ਕੰਡੇ ਜਾਂ ਪੱਥਰ ਨਿਕਲਦੇ ਹਨ ਤਾਂ ਪੱਥਰ ਦੇ ਪੱਥਰ ਠਹਿਰੇ। ਗੁਣ ਬਹੁਤ ਚੰਗੇ ਧਾਰਣ ਕਰਨੇ ਹਨ। ਇੱਥੇ ਹੀ ਸਰਵ ਗੁਣ ਸੰਪੰਨ ਬਣਨਾ ਹੈ। ਸਜਾ ਖਾਉਗੇ ਤਾਂ ਫਿਰ ਪਦਵੀ ਚੰਗੀ ਨਹੀਂ ਮਿਲੇਗੀ

ਓਮ ਸ਼ਾਂਤੀ। ਨਵੇਂ ਵਿਸ਼ਵ ਅਤੇ ਨਵੀਂ ਦੁਨੀਆਂ ਦੇ ਮਾਲਿਕ ਬਣਨ ਦੇ ਲਈ ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਬੈਠ ਸਮਝਾਉਂਦੇ ਹਨ। ਇਹ ਤਾਂ ਬੱਚੇ ਸਮਝਦੇ ਹਨ ਕਿ ਬਾਪ ਆਏ ਹਨ ਬੇਹੱਦ ਦਾ ਵਰਸਾ ਦੇਣ। ਅਸੀਂ ਲਾਇਕ ਨਹੀਂ ਸੀ। ਕਹਿੰਦੇ ਹਨ ਹੇ ਪ੍ਰਭੂ ਮੈਂ ਲਾਇਕ ਨਹੀਂ ਹਾਂ, ਮੈਨੂੰ ਲਾਇਕ ਬਣਾਓ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਤੁਸੀਂ ਮੁਨੱਖ ਤਾਂ ਹੋ, ਇਹ ਦੇਵਤਾ ਵੀ ਮਨੁੱਖ ਹਨ ਪਰੰਤੂ ਇਹਨਾਂ ਵਿੱਚ ਦੈਵੀ ਗੁਣ ਹਨ। ਇਨ੍ਹਾਂ ਨੂੰ ਹੀ ਸੱਚਾ - ਸੱਚਾ ਮਨੁੱਖ ਕਹਾਂਗੇ। ਮਨੁੱਖਾਂ ਵਿੱਚ ਆਸੁਰੀ ਗੁਣ ਹੁੰਦੇ ਹਨ ਤਾਂ ਚਲਣ ਜਾਨਵਰਾਂ ਵਰਗੀ ਹੋ ਜਾਂਦੀ ਹੈ। ਦੈਵੀ ਗੁਣ ਨਹੀਂ ਹਨ, ਤਾਂ ਉਨ੍ਹਾਂ ਨੂੰ ਅਸੁਰ ਕਿਹਾ ਜਾਂਦਾ ਹੈ। ਹੁਣ ਬਾਪ ਆਕੇ ਤੁਹਾਨੂੰ ਸ੍ਰੇਸ਼ਠ ਦੇਵਤਾ ਬਣਾਉਂਦੇ ਹਨ। ਸੱਚ ਖੰਡ ਵਿੱਚ ਰਹਿਣ ਵਾਲੇ ਸੱਚੇ - ਸੱਚੇ ਮਨੁੱਖ ਇਹ ਲੱਛਮੀ - ਨਾਰਾਇਣ ਹਨ, ਇਨ੍ਹਾਂ ਨੂੰ ਹੀ ਫਿਰ ਦੇਵਤਾ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਦੈਵੀ ਗੁਣ ਹਨ। ਭਾਵੇਂ ਗਾਉਂਦੇ ਵੀ ਹਨ ਪਤਿਤ - ਪਾਵਨ ਆਓ। ਪਰੰਤੂ ਪਾਵਨ ਰਾਜੇ ਕਿਵੇਂ ਹੁੰਦੇ ਹਨ ਫਿਰ ਪਤਿਤ ਰਾਜੇ ਕਿਵੇਂ ਹੁੰਦੇ ਹਨ, ਇਹ ਰਾਜ਼ ਕੋਈ ਨਹੀਂ ਜਾਣਦੇ। ਉਹ ਹੈ ਭਗਤੀ ਮਾਰਗ। ਗਿਆਨ ਨੂੰ ਤੇ ਹੋਰ ਕੋਈ ਜਾਣਦਾ ਨਹੀਂ। ਤੁਹਾਨੂੰ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ ਅਤੇ ਇਸ ਤਰ੍ਹਾਂ ਦਾ ਬਣਾਉਂਦੇ ਹਨ। ਕਰਮ ਤੇ ਇਹ ਦੇਵਤਾ ਵੀ ਸਤਯੁਗ ਵਿੱਚ ਕਰਦੇ ਹਨ, ਪਰ ਪਤਿਤ ਕਰਮ ਨਹੀਂ ਕਰਦੇ ਹਨ। ਉਨ੍ਹਾਂ ਵਿੱਚ ਦੈਵੀ ਗੁਣ ਹਨ। ਛੀ - ਛੀ ਕੰਮ ਨਾ ਕਰਨ ਵਾਲੇ ਹੀ ਸਵਰਗਵਾਸੀ ਹੁੰਦੇ ਹਨ। ਨਰਕਵਾਸੀ ਕੋਲੋਂ ਮਾਇਆ ਛੀ - ਛੀ ਕੰਮ ਕਰਵਾਉਂਦੀ ਹੈ। ਹੁਣ ਭਗਵਾਨ ਬੈਠ ਸ੍ਰੇਸ਼ਠ ਕੰਮ ਕਰਵਾਉਂਦੇ ਹਨ ਅਤੇ ਮਤ ਦਿੰਦੇ ਹਨ ਕਿ ਇਸ ਤਰ੍ਹਾਂ ਦੇ ਛੀ - ਛੀ ਕੰਮ ਨਾ ਕਰੋ। ਸ੍ਰੇਸ਼ਠ ਤੇ ਸ੍ਰੇਸ਼ਠ ਬਣਨ ਲਈ ਸ੍ਰੇਸ਼ਠ ਮਤ ਦਿੰਦੇ ਹਨ। ਦੇਵਤਾ ਸ੍ਰੇਸ਼ਠ ਹੈ ਨਾ। ਰਹਿੰਦੇ ਵੀ ਹਨ ਨਵੀਂ ਦੁਨੀਆਂ ਸਵਰਗ ਵਿੱਚ। ਇਹ ਵੀ ਤੁਹਾਡੇ ਵਿੱਚੋਂ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ ਇਸ ਲਈ ਮਾਲਾ ਵੀ ਬਣਦੀ ਹੈ 8 ਦੀ ਅਤੇ 108 ਦੀ, ਕਰਕੇ 16108 ਦੀ ਵੀ ਕਹੀਏ, ਉਹ ਵੀ ਕੀ ਹੋਇਆ। ਇਨ੍ਹੇ ਕਰੋੜ ਮਨੁੱਖ ਹਨ, ਉਸ ਵਿੱਚੋਂ 16 ਹਜ਼ਾਰ ਨਿਕਲੇ ਤੇ ਕੀ ਹੋਇਆ। ਕਵਾਟਰ ਪਰਸੈਂਟ ਵੀ ਨਹੀਂ। ਬਾਪ ਬੱਚਿਆਂ ਨੂੰ ਕਿੰਨਾ ਉੱਚ ਬਣਾਉਂਦੇ ਹਨ, ਰੋਜ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਕੋਈ ਵੀ ਵਿਕਰਮ ਨਾ ਕਰੋ। ਤੁਹਾਨੂੰ ਅਜਿਹਾ ਬਾਪ ਮਿਲਿਆ ਹੈ ਤਾ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਤੁਸੀਂ ਸਮਝਦੇ ਹੋ ਕਿ ਸਾਨੂੰ ਬੇਹੱਦ ਦੇ ਬਾਪ ਨੇ ਅਡੋਪਟ ਕੀਤਾ ਹੈ। ਅਸੀਂ ਉਨ੍ਹਾਂ ਦੇ ਬਣੇ ਹਾਂ। ਬਾਪ ਹੈ ਸਵਰਗ ਦਾ ਰਚਤਾ। ਤਾਂ ਇਸ ਤਰ੍ਹਾਂ ਦੇ ਸਵਰਗ ਦਾ ਮਾਲਿਕ ਬਣਨ ਦੇ ਲਾਇਕ ਸ੍ਰਵਗੁਣ ਸੰਪੰਨ ਬਣਨਾ ਪਵੇ। ਇਹ ਲੱਛਮੀ - ਨਾਰਾਇਣ ਸ੍ਰਵਗੁਣ ਸੰਪੰਨ ਸਨ। ਇਨ੍ਹਾਂ ਦੀ ਲਾਇਕੀ ਦੀ ਮਹਿਮਾ ਕੀਤੀ ਜਾਂਦੀ ਹੈ, ਫਿਰ 84 ਜਨਮਾਂ ਦੇ ਬਾਦ ਨਾ ਲਾਇਕ ਬਣ ਜਾਂਦੇ ਹਨ। ਇੱਕ ਜਨਮ ਵਿੱਚ ਵੀ ਥੱਲੇ ਉਤਰੇ ਤਾਂ ਜਰਾ ਕਲਾ ਘੱਟ ਹੋਈ। ਇੰਝ ਹੌਲੀ - ਹੌਲੀ ਕਲਾ ਘੱਟ ਹੁੰਦੀ ਜਾਂਦੀ ਹੈ। ਜਿਵੇਂ ਡਰਾਮਾ ਵਿੱਚ ਜੂ ਮਿਸਲ ਚੱਲਦਾ ਰਹਿੰਦਾ ਹੈ ਨਾ। ਤੁਸੀਂ ਹੌਲੀ - ਹੌਲੀ ਥੱਲੇ ਉਤਰਦੇ ਹੋ ਤੇ 1250 ਵਰ੍ਹੇ ਵਿੱਚ ਦੋ ਕਲਾ ਘੱਟ ਹੋ ਜਾਂਦੀ ਹੈ। ਫਿਰ ਰਾਵਣ ਰਾਜ ਵਿੱਚ ਜਲਦੀ - ਜਲਦੀ ਕਲਾ ਘੱਟ ਹੋ ਜਾਂਦੀ ਹੈ। ਗ੍ਰਹਿਣ ਲਗ ਜਾਂਦਾ ਹੈ। ਜਿਸ ਤਰ੍ਹਾਂ ਸੂਰਜ - ਚੰਦ ਨੂੰ ਵੀ ਗ੍ਰਹਿਣ ਲਗ ਜਾਂਦਾ ਹੈ।, ਇੰਝ ਨਹੀਂ ਕਿ ਚੰਦ, ਤਾਰਿਆਂ ਨੂੰ ਗ੍ਰਹਿਣ ਨਹੀਂ ਲਗਦਾ ਹੈ, ਸਭ ਨੂੰ ਪੂਰਾ ਗ੍ਰਹਿਣ ਲਗਿਆ ਹੋਇਆ ਹੈ। ਹੁਣ ਬਾਪ ਕਹਿੰਦੇ ਹਨ ਕਿ ਯਾਦ ਨਾਲ ਹੀ ਗ੍ਰਹਿਣ ਉਤਰੇਗਾ। ਕੋਈ ਵੀ ਪਾਪ ਨਹੀਂ ਕਰੋ। ਪਹਿਲਾ ਨੰਬਰ ਪਾਪ ਹੈ ਦੇਹ ਅਭਿਮਾਨ ਵਿੱਚ ਆਉਣਾ। ਇਹ ਕੜਾ ਪਾਪ ਹੈ। ਬੱਚਿਆਂ ਨੂੰ ਇਸ ਇੱਕ ਜਨਮ ਦੇ ਲਈ ਹੀ ਸਿਖਿਆ ਮਿਲਦੀ ਹੈ ਕਿਉਂਕਿ ਹੁਣ ਦੁਨੀਆਂ ਨੂੰ ਬਦਲਣਾ ਹੈ। ਫਿਰ ਅਜਿਹੀ ਸਿੱਖਿਆ ਕਦੇ ਮਿਲਦੀ ਨਹੀਂ। ਬੈਰਿਸ੍ਰਟੀ ਆਦਿ ਦੀ ਸਿੱਖਿਆ ਤੇ ਤੁਸੀਂ ਜਨਮ - ਜਨਮਾਂਤ੍ਰ ਲੈਂਦੇ ਆਏ ਹੋ। ਸਕੂਲ ਆਦਿ ਤੇ ਸਦਾ ਹਨ ਹੀ। ਇਹ ਗਿਆਨ ਸਿਰਫ ਇੱਕ ਵਾਰ ਮਿਲਿਆ, ਬੱਸ। ਗਿਆਨ ਸਾਗਰ ਬਾਪ ਸਿਰਫ ਇੱਕ ਵਾਰ ਹੀ ਆਉਂਦੇ ਹਨ। ਉਹ ਆਪਣੀ ਰਚਨਾ ਤੇ ਉਸ ਦੇ ਆਦਿ - ਮੱਧ - ਅੰਤ ਦੀ ਸਾਰੀ ਨੋਲੇਜ ਦਿੰਦੇ ਹਨ। ਬਾਪ ਕਿੰਨਾ ਸਹਿਜ ਸਮਝਾਉਂਦੇ ਹਨ - ਤੁਸੀਂ ਆਤਮਾਵਾਂ ਪਾਰ੍ਹਧਾਰੀ ਹੋ। ਆਤਮਾਵਾਂ ਆਪਣੇ ਘਰ ਵਿਚੋਂ ਆ ਕੇ ਇੱਥੇ ਪਾਰ੍ਹ ਵਜਾਉਂਦੀਆਂ ਹਨ। ਉਸ ਨੂੰ ਮੁਕਤੀਧਾਮ ਕਿਹਾ ਜਾਂਦਾ ਹੈ। ਸਵਰਗ ਹੈ ਜੀਵਨ ਮੁਕਤੀ। ਇੱਥੇ ਤੇ ਹੈ ਜੀਵਨ ਬੰਧ। ਇਹ ਅੱਖਰ ਵੀ ਯਥਾਰਥ ਰੂਪ ਵਿੱਚ ਯਾਦ ਕਰਨੇ ਹਨ। ਮੋਖਸ਼ ਕਦੀ ਹੁੰਦਾ ਨਹੀਂ। ਮਨੁੱਖ ਕਹਿੰਦੇ ਹਨ ਮੋਖਸ਼ ਮਿਲ ਜਾਏ ਮਤਲਬ ਆਵਾਗਮਨ ਤੋਂ ਨਿਕਲ ਜਾਈਏ। ਪ੍ਰੰਤੂ ਪਾਰ੍ਹ ਤੋਂ ਤਾ ਨਿਕਲ ਨਹੀਂ ਸਕਦੇ। ਇਹ ਅਨਾਦਿ ਬਣਿਆ ਬਣਾਇਆ ਖੇਡ ਹੈ। ਵਰਲ਼ਡ ਦੀ ਹਿਸ੍ਰੀ - ਜੋਗ੍ਰਾਫੀ ਰਪੀਟ ਹੁੰਦੀ ਹੈ। ਸਤਯੁਗ ਵਿੱਚ ਉਹੀ ਦੇਵਤਾ ਆਉਣਗੇ। ਫਿਰ ਪਿੱਛੇ ਇਸਲਾਮੀ, ਬੋਧੀ ਆਦਿ ਸਭ ਆਉਣਗੇ। ਇਹ ਹਿਊਮਨ ਝਾੜ ਬਣ ਜਾਏਗਾ। ਇਨ੍ਹਾਂ ਦਾ ਬੀਜ ਉੱਪਰ ਵਿੱਚ ਹੈ। ਬਾਪ ਹੈ ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ। ਮਨੁੱਖ ਸ੍ਰਿਸ਼ਟੀ ਤਾਂ ਹੈ ਹੀ ਪਰ ਸਤਯੁਗ ਵਿੱਚ ਬਹੁਤ ਛੋਟੀ ਹੁੰਦੀ ਹੈ। ਫਿਰ

ਹੋਲੀ- ਹੋਲੀ ਬਹੁਤ ਵ੍ਰਿਧੀ ਹੁੰਦੀ ਜਾਂਦੀ ਹੈ। ਅੱਛਾ, ਫਿਰ ਛੋਟੀ ਕਿੰਝ ਹੋਵੇਗੀ। ਬਾਪ ਆਕੇ ਪਤਿਤ ਤੋਂ ਪਾਵਨ ਬਣਾਉਂਦੇ ਹਨ। ਕਿੰਨੇ ਥੋੜ੍ਹੇ ਪਾਵਨ ਬਣਦੇ ਹਨ। ਕੋਟਾਂ ਵਿੱਚੋ ਕੋਈ ਨਿਕਲਦੇ ਹਨ। ਅੱਧਾਕਲਪ ਬਹੁਤ ਘੱਟ ਹੁੰਦੇ ਹਨ। ਅੱਧਾਕਲਪ ਵਿੱਚ ਕਿੰਨੀ ਵ੍ਰਿਧੀ ਹੁੰਦੀ ਹੈ। ਤਾਂ ਸਭ ਤੋਂ ਜਾਸਤੀ ਸੰਪਰਦਾਇ ਉਨ੍ਹਾਂ ਦੇਵਤਾਵਾਂ ਦੀ ਹੋਣੀ ਚਾਹੀਦੀ ਹੈ ਕਿਉਂਕਿ ਪਹਿਲਾਂ - ਪਹਿਲਾਂ ਇਹ ਆਉਂਦੇ ਹਨ ਪਰੰਤੂ ਹੋਰ - ਹੋਰ ਧਰਮਾਂ ਵਿੱਚ ਚਲੇ ਜਾਂਦੇ ਹਨ ਕਿਉਂਕਿ ਬਾਪ ਨੂੰ ਭੁੱਲ ਗਏ ਹਨ। ਇਹ ਹੈ ਏਕਜ ਭੁੱਲ ਦਾ ਖੇਡ। ਭੁੱਲਣ ਨਾਲ ਕੰਗਾਲ ਹੋ ਜਾਂਦੇ ਹਨ। ਭੁਲਦੇ - ਭੁਲਦੇ ਇਕਦਮ ਭੁੱਲ ਜਾਂਦੇ ਹਨ। ਭਗਤੀ ਵੀ ਪਹਿਲੇ ਇੱਕ ਦੀ ਹੀ ਕਰਦੇ ਹਨ। ਕਿਉਕਿ ਸਰਵ ਦਾ ਸਦਗਤੀ ਕਰਨ ਵਾਲਾ ਇੱਕ ਹੀ ਹੈ। ਫੇਰ ਦੂਸਰੇ ਕਿਸੇ ਦੀ ਭਗਤੀ ਕਿਉਂ ਕਰਨੀ ਚਾਹੀਦੀ ਹੈ। ਇਨ੍ਹਾਂ ਲੱਛਮੀ - ਨਾਰਾਇਣ ਨੂੰ ਬਣਾਉਣ ਵਾਲਾ ਤਾਂ ਸ਼ਿਵ ਹੈ ਨਾ । ਕ੍ਰਿਸ਼ਨ ਬਣਾਉਣ ਵਾਲਾ ਕਿਵੇਂ ਹੋਵੇਗਾ। ਇਹ ਤਾਂ ਹੋ ਨਹੀਂ ਸਕਦਾ। ਰਾਜਯੋਗ ਸਿਖਾਉਣ ਵਾਲਾ ਕ੍ਰਿਸ਼ਨ ਕਿਵੇਂ ਹੋਵੇਗਾ। ਉਹ ਤਾਂ ਹੈ ਸਤਯੁਗ ਦਾ ਪ੍ਰਿੰਸ। ਕਿੰਨੀ ਭੁੱਲ ਕਰ ਦਿੱਤੀ ਹੈ। ਬੁੱਧੀ ਵਿੱਚ ਬੈਠਦਾ ਨਹੀਂ ਹੈ। ਹੁਣ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤੇ ਦੈਵੀ ਗੁਣ ਧਾਰਨ ਕਰੋ। ਕੋਈ ਵੀ ਪ੍ਰੋਪਰਟੀ ਆਦਿ ਦਾ ਝਗੜਾ ਹੈ ਤਾਂ ਉਸ ਨੂੰ ਖ਼ਲਾਸ ਕਰ ਦੇਵੋ। ਝਗੜਾ ਕਰਦੇ - ਕਰਦੇ ਤੇ ਪ੍ਰਾਣ ਵੀ ਨਿਕਲ ਜਾਣਗੇ। ਬਾਪ ਸਮਝਾਉਂਦੇ ਹਨ ਇਸਨੇ ਛੱਡਿਆ ਤਾਂ ਕੋਈ ਝਗੜਾ ਆਦਿ ਥੋੜੀ ਹੀ ਕੀਤਾ। ਘੱਟ ਮਿਲਿਆ ਤਾਂ ਜਾਣ ਦੋ, ਉਸਦੇ ਬਦਲੇ ਕਿੰਨੀ ਰਜਾਈ ਮਿਲ ਗਈ। ਬਾਬਾ ਦੱਸਦੇ ਹਨ ਮੈਨੂੰ ਸਾਖ਼ਸ਼ਤਕਾਰ ਹੋਇਆ ਵਿਨਾਸ਼ ਅਤੇ ਰਜਾਈ ਦਾ ਤੇ ਕਿੰਨੀ ਖੁਸ਼ੀ ਹੋਈ। ਸਾਨੂੰ ਵਿਸ਼ਵ ਦੀ ਬਾਦਸ਼ਾਹੀ ਮਿਲਣੀ ਹੈ ਤਾਂ ਇਹ ਸਭ ਕੀ ਹੈ। ਇੰਜ ਥੋੜੀ ਹੈ ਕਿ ਕੋਈ ਭੁੱਖੇ ਮਰਾਂਗੇ। ਬਗੈਰ ਪੈਸੇ ਵਾਲੇ ਵੀ ਢਿੱਡ ਤਾਂ ਭਰਦੇ ਹੀ ਹਨ ਨਾ। ਮੰਮਾ ਨੇ ਕੁੱਝ ਲਿਆਂਦਾ ਸੀ ਕੀ। ਕਿੰਨਾ ਮੰਮਾ ਨੂੰ ਯਾਦ ਕਰਦੇ ਹਨ। ਬਾਪ ਕਹਿੰਦੇ ਹਨ ਯਾਦ ਕਰਦੇ ਹੋ, ਇਹ ਤਾਂ ਠੀਕ ਹੈ, ਪ੍ਰੰਤੂ ਹੁਣ ਮੰਮਾ ਦੇ ਨਾਮ - ਰੂਪ ਨੂੰ ਯਾਦ ਨਹੀਂ ਕਰਨਾ ਹੈ। ਸਾਨੂੰ ਵੀ ਉਨ੍ਹਾਂ ਵਰਗੀ ਧਾਰਨਾ ਕਰਨੀ ਹੈ। ਅਸੀਂ ਵੀ ਮੰਮਾ ਵਰਗਾ ਚੰਗਾ ਬਣ ਕੇ ਗਦੀ ਲਾਇਕ ਬਣੀਏ। ਸਿਰਫ ਮੰਮਾ ਦੀ ਮਹਿਮਾ ਕਰਨ ਨਾਲ ਹੀ ਥੋੜ੍ਹੀ ਨਾ ਹੋ ਜਾਵਾਂਗੇ। ਬਾਪ ਤੇ ਕਹਿੰਦੇ ਹਨ ਮਾਮੇਕਮ ਯਾਦ ਕਰੋ, ਯਾਦ ਦੀ ਯਾਤਰਾ ਵਿੱਚ ਰਹਿਣਾ ਹੈ। ਮੰਮਾ ਵਰਗਾ ਗਿਆਨ ਸੁਣਾਉਣਾ ਹੈ। ਮੰਮਾ ਦੀ ਮਹਿਮਾ ਦਾ ਸਬੂਤ ਤਾਂ ਹੋਵੇ ਜਦੋਂ ਤੁਸੀਂ ਵੀ ਅਜਿਹਾ ਮਹਿਮਾ ਲਾਇਕ ਬਣ ਕੇ ਦਿਖਾਓ। ਸਿਰਫ ਮੰਮਾ - ਮੰਮਾ ਕਹਿਣ ਨਾਲ ਪੇਟ ਨਹੀਂ ਭਰੇਗਾ। ਹੋਰ ਹੀ ਪੇਟ ਪਿੱਠ ਨਾਲ ਲੱਗ ਜਾਵੇਗਾ। ਸ਼ਿਵਬਾਬਾ ਨੂੰ ਯਾਦ ਕਰਨ ਨਾਲ ਹੀ ਪੇਟ ਭਰੇਗਾ। ਇਸ ਦਾਦਾ ਨੂੰ ਯਾਦ ਕਰਨ ਨਾਲ ਵੀ ਪੇਟ ਨਹੀਂ ਭਰੇਗਾ। ਯਾਦ ਕਰਨਾ ਹੈ ਇੱਕ ਨੂੰ। ਬਲਿਹਾਰੀ ਇੱਕ ਦੀ ਹੀ ਹੈ। ਯੁਕਤੀਆਂ ਰਚੀਨੀਆਂ ਚਾਹੀਦੀਆਂ ਹਨ ਸਰਵਿਸ ਕਿਵੇਂ ਕਰੀਏ। ਸਦੈਵ ਮੁੱਖ ਵਿਚੋਂ ਫੁੱਲ ਨਿਕਲਣ। ਜੇਕਰ ਕੰਡੇ, ਪੱਥਰ ਨਿਕਲਦੇ ਹਨ ਤਾ ਪੱਥਰ ਦੇ ਪੱਥਰ ਠਹਿਰੇ। ਗੁਣ ਬੜੇ ਚੰਗੇ ਧਾਰਨ ਕਰਨੇ ਹਨ। ਤੁਹਾਨੂੰ ਇੱਥੇ ਸਰਵ ਗੁਣ ਸੰਪੰਨ ਬਣਨਾ ਹੈ। ਸਜਾ ਖਾਵੋਂਗੇ ਤਾਂ ਫਿਰ ਪਦਵੀ ਚੰਗੀ ਨਹੀਂ ਮਿਲੇਗੀ। ਇੱਥੇ ਬੱਚੇ ਆਉਂਦੇ ਹਨ ਬਾਪ ਕੋਲੋਂ ਡਾਇਰੈਕਟ ਸੁਣਨ। ਇੱਥੇ ਤਾਜਾ - ਤਾਜਾ ਨਸ਼ਾ ਬਾਬਾ ਚੜ੍ਹਾਉਂਦੇ ਹਨ। ਸੈਂਟਰ ਤੇ ਜਾਕੇ ਨਸ਼ਾ ਚੜਦਾ ਹੈ ਫਿਰ ਘਰ ਗਏ , ਸਬੰਧੀ ਆਦਿ ਵੇਖੇ ਤਾਂ ਸਭ ਖਲਾਸ। ਇੱਥੇ ਤੁਸੀਂ ਸਮਝਦੇ ਹੋ ਕਿ ਅਸੀਂ ਬਾਬਾ ਦੇ ਪਰਿਵਾਰ ਵਿੱਚ ਬੈਠੇ ਹਾਂ। ਉੱਥੇ ਆਸੁਰੀ ਪਰਿਵਾਰ ਹੁੰਦਾ ਹੈ। ਕਿੰਨੇ ਝਗੜੇ ਆਦਿ ਰਹਿੰਦੇ ਹਨ। ਉੱਥੇ ਜਾਣ ਨਾਲ ਹੀ ਕੀਚੜਪਟ੍ਰੀ ਵਿੱਚ ਜਾਕੇ ਪੈਦੇ ਹਨ। ਇੱਥੇ ਤੁਹਾਨੂੰ ਬਾਪ ਨੂੰ ਭੁਲਣਾ ਨਹੀਂ ਚਾਹੀਦਾ ਹੈ। ਦੁਨੀਆਂ ਵਿੱਚ ਸੱਚੀ ਸ਼ਾਂਤੀ ਕਿਸੇ ਨੂੰ ਵੀ ਮਿਲ ਨਾ ਸਕੇ। ਪਵਿੱਤਰਤਾ, ਸੁੱਖ, ਸ਼ਾਂਤੀ, ਸੰਪੱਤੀ ਸਵਾਏ ਬਾਪ ਦੇ ਕੋਈ ਦੇ ਨਹੀਂ ਸਕਦਾ। ਇੰਝ ਨਹੀਂ ਕੀ ਬਾਪ ਅਸ਼ੀਰਵਾਦ ਕਰਦੇ ਹਨ - ਆਯੂਸ਼ਮਾਨ ਭਵ, ਪੁਤਰਵਾਨ ਭਵ। ਨਹੀਂ, ਅਸ਼ੀਰਵਾਦ ਨਾਲ ਕੁਝ ਵੀ ਨਹੀਂ ਮਿਲਦਾ। ਇਹ ਮਨੁੱਖਾਂ ਦੀ ਭੁੱਲ ਹੈ। ਸੰਨਿਆਸੀ ਆਦਿ ਵੀ ਅਸ਼ੀਰਵਾਦ ਨਹੀਂ ਕਰ ਸਕਦੇ। ਅੱਜ ਅਸ਼ੀਰਵਾਦ ਦਿੰਦੇ, ਕੱਲ ਖੁਦ ਹੀ ਮਰ ਜਾਂਦੇ। ਪੋਪ ਵੀ ਦੇਖੋ ਕਿਨੇ ਹੋਕੇ ਗਏ ਹਨ। ਗੁਰੂ ਲੋਕਾਂ ਦੀ ਗੱਦੀ ਚੱਲਦੀ ਹੈ, ਛੋਟੇਪਨ ਵਿੱਚ ਵੀ ਗੁਰੂ ਮਰ ਜਾਂਦੇ ਹਨ ਫਿਰ ਦੂਸਰਾ ਕਰ ਲੈਂਦੇ ਹਨ ਜਾਂ ਛੋਟੇ ਚੇਲੇ ਨੂੰ ਗੁਰੂ ਬਣਾ ਦਿੰਦੇ ਹਨ। ਇਹ ਤਾਂ ਬਾਪਦਾਦਾ ਹੈ ਦੇਣ ਵਾਲਾ। ਇਹ ਲੈ ਕੇ ਕੀ ਕਰਣਗੇ। ਬਾਪ ਤੇ ਨਿਰਾਕਾਰ ਹੈ ਨਾ। ਲੈਣਗੇ ਸਾਕਾਰ। ਇਹ ਵੀ ਸਮਝਣ ਦੀਆਂ ਗੱਲਾਂ ਹਨ। ਇਸ ਤਰ੍ਹਾਂ ਕਦੀ ਨਹੀਂ ਕਹਿਣਾ ਚਾਹੀਦਾ ਹੈ ਕੀ ਅਸੀਂ ਸ਼ਿਵਬਾਬਾ ਨੂੰ ਦਿੰਦੇ ਹਾਂ। ਨਹੀਂ, ਅਸੀਂ ਸ਼ਿਵਬਾਬਾ ਤੋਂ ਪਦਮ ਲਿਆ, ਦਿੱਤਾ ਨਹੀਂ। ਬਾਬਾ ਤੇ ਤੁਹਾਨੂੰ ਅਨੰਤ ਦਿੰਦੇ ਹਨ। ਸ਼ਿਵਬਾਬਾ ਤੇ ਦਾਤਾ ਹੈ, ਤੁਸੀਂ ਉਨ੍ਹਾਂ ਨੂੰ ਦਵੋਗੇ ਕਿਵੇਂ? ਮੈ ਦਿੱਤਾ, ਇਹ ਸਮਝਣ ਨਾਲ ਫਿਰ ਦੇਹ ਅਭਿਮਾਨ ਆ ਜਾਂਦਾ ਹੈ। ਅਸੀਂ ਸ਼ਿਵਬਾਬਾ ਕੋਲੋਂ ਲੈ ਰਹੇ ਹਾਂ। ਬਾਬਾ ਦੇ ਕੋਲ ਕਿੰਨੇ ਢੇਰ ਬੱਚੇ ਆਉਂਦੇ ਹਨ, ਆਕੇ ਰਹਿੰਦੇ ਹਨ ਤਾਂ ਪ੍ਰਬੰਧ ਚਾਹੀਦਾ ਹੈ। ਮਤਲਬ ਤੁਸੀਂ ਦਿੰਦੇ ਹੋ ਆਪਣੇ ਲਈ। ਉਨ੍ਹਾਂ ਨੂੰ ਆਪਣਾ ਥੋੜਾ ਕੁਝ ਕਰਨਾ ਹੈ। ਰਾਜਧਾਨੀ ਵੀ ਤੁਹਾਨੂੰ ਦਿੰਦੇ ਹਨ ਇਸ ਲਈ ਕਰਦੇ ਵੀ ਤੁਸੀਂ ਹੋ। ਤੁਹਾਨੂੰ ਆਪਣੇ ਤੋਂ ਵੀ ਉੱਚ ਬਣਾਉਦਾ ਹਾਂ। ਇਸ ਤਰ੍ਹਾਂ ਦੇ ਬਾਪ ਨੂੰ ਤੁਸੀਂ ਭੁੱਲ ਜਾਂਦੇ ਹੋ। ਅੱਧਾ ਕਲਪ ਪੂਜਯ, ਅੱਧਾ ਕਲਪ ਪੁਜਾਰੀ। ਪੂਜਯ ਬਣਨ ਨਾਲ ਤੁਸੀਂ ਸੁਖਧਾਮ ਦੇ ਮਾਲਿਕ ਬਣਦੇ ਹੋ ਫਿਰ ਪੁਜਾਰੀ ਬਣਨ ਨਾਲ ਦੁਖਧਾਮ ਦੇ ਮਾਲਿਕ ਬਣ ਜਾਂਦੇ ਹੋ। ਇਹ ਵੀ ਕਿਸੇ ਨੂੰ ਪਤਾ ਨਹੀਂ ਕਿ ਬਾਪ ਆਕੇ ਸਵਰਗ ਦੀ ਸਥਾਪਨਾ ਕਰਦੇ ਹਨ। ਇਨ੍ਹਾਂ ਗੱਲਾਂ ਨੂੰ ਤੁਸੀਂ ਸੰਗਮਯੁਗੀ ਬ੍ਰਾਹਮਣ ਹੀ ਜਾਣਦੇ ਹੋ। ਬਾਬਾ ਇਨ੍ਹਾਂ ਚੰਗੀ ਰੀਤੀ ਸਮਝਾਉਂਦੇ ਹਨ ਫੇਰ ਵੀ ਬੁੱਧੀ ਵਿੱਚ ਨਹੀਂ ਬੈਠਦਾ। ਜਿਸ ਤਰ੍ਹਾਂ ਬਾਪ ਸਮਝਾਉਂਦੇ ਹਨ ਇਸ ਤਰ੍ਹਾਂ ਯੁਕਤੀ ਨਾਲ ਸਮਝਾਉਣਾ ਚਾਹੀਦਾ ਹੈ। ਪੁਰਸ਼ਾਰਥ ਕਰ ਅਜਿਹਾ ਸ੍ਰੇਸ਼ਠ ਬਣਨਾ ਹੈ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਬੱਚਿਆਂ ਵਿੱਚ ਬੜੇ ਚੰਗੇ ਦੈਵੀ ਗੁਣ ਹੋਣੇ ਚਾਹੀਦੇ ਹਨ। ਕਿਸੇ ਗੱਲ ਤੇ ਰੁਸਨਾ ਨਹੀਂ ਹੈ, ਸ਼ਕਲ ਮੁਰਦੇ ਵਰਗੀ ਨਹੀਂ ਕਰਨੀ ਹੈ। ਬਾਪ ਕਹਿੰਦੇ ਹਨ ਅਜਿਹਾ ਕੋਈ ਕੰਮ ਹੁਣ ਨਹੀਂ ਕਰੋ। ਚੰਡੀ ਦੇਵੀ ਦਾ ਵੀ ਮੇਲਾ ਲਗਦਾ ਹੈ। ਚੰਡਿਕਾ ਉਨ੍ਹਾਂ ਨੂੰ ਕਹਿੰਦੇ ਹਨ ਜੋ ਬਾਪ ਦੀ ਮਤ ਤੇ ਨਹੀਂ ਚਲਦੀ। ਜੋ ਦੁੱਖ ਦਿੰਦੀ ਹੈ, ਇਸ ਤਰ੍ਹਾਂ ਦੀਆਂ ਚੰਡਿਕਾਵਾਂ ਦਾ ਵੀ ਮੇਲਾ ਲਗਦਾ ਹੈ। ਮਨੁੱਖ ਅਗਿਆਨੀ ਹੈ ਨਾ, ਅਰਥ ਥੋੜੀ ਹੀ ਸਮਝਦੇ ਹਨ। ਕਿਸੇ ਦੀ ਤਾਕਤ ਨਹੀਂ, ਉਹ ਤਾਂ ਜਿਵੇਂ ਖੋਖਲੇ ਹਨ। ਤੁਸੀਂ ਬਾਪ ਨੂੰ ਚੰਗੀ ਰੀਤੀ ਯਾਦ ਕਰਦੇ ਹੋ ਤਾਂ ਬਾਪ ਦਵਾਰਾ ਤੁਹਾਨੂੰ ਤਾਕਤ ਮਿਲਦੀ ਹੈ। ਪਰੰਤੂ ਇੱਥੇ ਰਹਿ ਕੇ ਵੀ ਬਹੁਤਿਆਂ ਦੀ ਬੁੱਧੀ ਬਾਹਰ ਭਟਕਦੀ ਹੈ। ਇਸਲਈ ਬਾਬਾ ਕਹਿੰਦੇ ਹਨ ਇਨ੍ਹਾਂ ਚਿੱਤਰਾਂ ਦੇ ਸਾਹਮਣੇ ਬੈਠ ਜਾਓ ਤਾਂ ਤੁਹਾਡੀ ਬੁੱਧੀ ਇਸ ਵਿੱਚ ਬਿਜ਼ੀ ਰਹੇਗੀ। ਗੋਲੇ ਤੇ, ਸੀੜੀ ਤੇ ਕਿਸੇਨੂੰ ਸਮਝਾਓ ਤਾਂ ਬੋਲੋ ਸਤਯੁਗ ਵਿੱਚ ਬਹੁਤ ਥੋੜੇ ਮਨੁੱਖ ਹੁੰਦੇ ਹਨ।

ਹੁਣ ਤਾਂ ਢੇਰ ਮਨੁੱਖ ਹਨ। ਬਾਪ ਕਹਿੰਦੇ ਹਨ ਮੈਂ ਬ੍ਰਹਮਾ ਦੇ ਦੁਆਰਾ ਨਵੀਂ ਦੁਨੀਆਂ ਦੀ ਸਥਾਪਣਾ ਕਰਦਾ ਹਾਂ, ਪੁਰਾਣੀ ਦੁਨੀਆਂ ਦਾ ਵਿਨਾਸ਼ ਕਰਵਾਉਂਦਾ ਹਾਂ। ਇਵੇਂ - ਇਵੇਂ ਬੈਠ ਕੇ ਪ੍ਰੈਕਟਿਸ ਕਰਨੀ ਹੈ। ਆਪਣਾ ਮੂੰਹ ਆਪੇਹੀ ਖੋਲ ਸਕਦੇ ਹਨ। ਅੰਦਰ ਵਿੱਚ ਜੋ ਚੱਲਦਾ ਹੈ ਉਹ ਬਾਹਰ ਵੀ ਨਿਕਲਣਾ ਚਾਹੀਦਾ ਹੈ। ਗੂੰਗੇ ਤਾਂ ਨਹੀਂ ਹੋ ਨਾ। ਘਰ ਵਿੱਚ ਰੜ੍ਹੀਆ ਮਾਰਨ ਲਈ ਤਾਂ ਮੂੰਹ ਖੁਲਦਾ ਹੈ, ਗਿਆਨ ਸੁਣਾਉਣ ਲਈ ਨਹੀਂ ਖੁਲਦਾ। ਚਿੱਤਰ ਤੇ ਸਭ ਨੂੰ ਮਿਲ ਸਕਦੇ ਹਨ, ਹਿੰਮਤ ਰੱਖਣੀ ਚਾਹੀਦੀ ਹੈ - ਆਪਣੇ ਘਰ ਦਾ ਕਲਿਆਣ ਕਰੋ। ਆਪਣਾ ਕਮਰਾ ਚਿੱਤਰਾਂ ਨਾਲ ਸਜਾ ਦੇਵੋ ਤਾਂ ਤੁਸੀਂ ਬਿਜ਼ੀ ਰਹੋਗੇ। ਇਹ ਜਿਵੇਂ ਤੁਹਾਡੀ ਲਾਇਬ੍ਰੇਰੀ ਹੋ ਜਾਵੇਗੀ। ਦੂਸਰਿਆਂ ਦਾ ਕਲਿਆਣ ਕਰਨ ਲਈ ਚਿੱਤਰ ਆਦਿ ਲਗਾ ਦੇਣੇ ਚਾਹੀਦੇ ਹਨ। ਜੋ ਆਏ ਉਸਨੂੰ ਸਮਝਾਵੋ। ਤੁਸੀਂ ਬਹੁਤ ਸਰਵਿਸ ਕਰ ਸਕਦੇ ਹੋ। ਥੋੜ੍ਹਾ ਵੀ ਸੁਣਿਆ ਤੇ ਪ੍ਰਜਾ ਬਣ ਜਾਣਗੇ। ਬਾਬਾ ਬਹੁਤ ਸਾਰੀ ਉੱਨਤੀ ਦੀਆਂ ਯੁਕਤੀਆਂ ਦੱਸਦੇ ਹਨ। ਬਾਪ ਨੂੰ ਯਾਦ ਕਰੋ ਤੇ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਬਾਕੀ ਗੰਗਾ ਵਿੱਚ ਜਾਕੇ ਇੱਕਦਮ ਡੁੱਬ ਜਾਵੇ ਤਾਂ ਵੀ ਵਿਕਰਮ ਵਿਨਾਸ਼ ਨਹੀਂ ਹੋਣਗੇ। ਇਹ ਸਭ ਹੈ ਅੰਧਸ਼ਰਧਾ। ਹਰਿਦਵਾਰ ਵਿੱਚ ਤੇ ਸਾਰੇ ਸ਼ਹਿਰ ਦਾ ਗੰਦ ਆਕੇ ਪੈਂਦਾ ਹੈ, ਸਾਗਰ ਵਿੱਚ ਕਿੰਨਾ ਗੰਦ ਪੈਂਦਾ ਹੈ। ਉਸ ਨਾਲ ਫਿਰ ਪਾਵਨ ਕਿਵੇਂ ਬਣ ਸਕਦੇ ਹਨ। ਮਾਇਆ ਨੇ ਸਭ ਨੂੰ ਇੱਕਦਮ ਬੇਸਮਝ ਬਣਾ ਦਿੱਤਾ ਹੈ।

ਬਾਪ ਬੱਚਿਆਂ ਨੂੰ ਕਹਿੰਦੇ ਹਨ ਕਿ ਮੈਨੂੰ ਯਾਦ ਕਰੋ। ਤੁਹਾਡੀ ਆਤਮਾ ਬੁਲਾਉਂਦੀ ਹੈ ਨਾ - ਹੇ ਪਤਿਤ - ਪਾਵਨ ਆਓ। ਉਹ ਤੁਹਾਡੇ ਸ਼ਰੀਰ ਦਾ ਲੌਕਿਕ ਬਾਪ ਤਾਂ ਹੈ। ਪਤਿਤ ਪਾਵਨ ਇੱਕ ਹੀ ਬਾਪ ਹੈ। ਹੁਣ ਅਸੀਂ ਉਸ ਪਾਵਨ ਬਣਾਉਣ ਵਾਲੇ ਬਾਪ ਨੂੰ ਯਾਦ ਕਰਦੇ ਹਾਂ। ਜੀਵਨਮੁਕਤੀ ਦਾਤਾ ਇੱਕ ਹੀ ਹੈ, ਦੂਸਰਾ ਨਾ ਕੋਈ। ਇੰਨੀ ਸਹਿਜ ਗੱਲ ਦਾ ਅਰਥ ਵੀ ਕੋਈ ਸਮਝਦੇ ਨਹੀਂ ਹਨ। ਅੱਛਾ

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ।ਯਾਦ ਪਿਆਰ ਅਤੇਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮੂੰਹ ਤੋਂ ਗਿਆਨ ਰਤਨ ਦੀ ਪ੍ਰੈਕਟਿਸ ਕਰਨੀਹੈ। ਕਦੀ ਮੁਖ ਤੋਂ ਕੰਡੇ ਜਾ ਪੱਥਰ ਨਹੀਂ ਕੱਢਣੇ ਹਨ। ਆਪਣਾ ਅਤੇ ਘਰ ਦਾ ਕਲਿਆਣ ਕਰਨ ਲਈ ਘਰ ਵਿੱਚ ਚਿੱਤਰ ਸਜਾ ਦੇਣੇ ਹਨ, ਉਸ ਤੇ ਵਿਚਾਰ ਸਾਗਰ - ਮੰਥਨ ਕਰ ਦੂਜਿਆਂ ਨੂੰ ਸਮਝਾਉਣਾ ਹੈ। ਬਿਜ਼ੀ ਰਹਿਣਾ ਹੈ।

2. ਬਾਪ ਤੋਂ ਆਸ਼ੀਰਵਾਦ ਮੰਗਣ ਦੀ ਬਜਾਏ ਉਨ੍ਹਾਂ ਦੀ ਸ੍ਰੇਸ਼ਠ ਮਤ ਤੇ ਚੱਲਣਾ ਹੈ। ਬਲਿਹਾਰੀ ਸ਼ਿਵਬਾਬਾ ਦੀ ਹੈ ਇਸਲਈ ਉਨ੍ਹਾਂ ਨੂੰ ਯਾਦ ਕਰਨਾ ਹੈ। ਇਹ ਅਭਿਮਾਨ ਨਾ ਆਏ ਕਿ ਅਸੀਂ ਬਾਬਾ ਨੂੰ ਇਨਾਂ ਦਿੱਤਾ।

ਵਰਦਾਨ:- ਬਾਪ ਸਮਾਨ ਸਥਿਤੀ ਦ੍ਵਾਰਾ ਸਮੇਂ ਨੂੰ ਨੇੜੇ ਲਿਆਉਣ ਵਾਲੇ ਤੱਤ ਤਵਮ ਦੇ ਵਰਦਾਨੀ ਭਵ।

ਆਪਣੇਪਨ ਨੂੰ ਮਿਟਾਉਣਾ ਮਤਲਬ ਬਾਪ ਸਮਾਨ ਸਥਿਤੀ ਵਿਚ ਸਥਿਤ ਹੋਕੇ ਸਮੇਂ ਨੂੰ ਨੇੜੇ ਲਿਆਉਣਾ। ਜਿੱਥੇ ਆਪਣੀ ਦੇਹ ਵਿਚ ਜਾਂ ਆਪਣੀ ਕੋਈ ਵੀ ਚੀਜ਼ ਵਿਚ ਆਪਣਾਪਨ ਹੈ ਉਥੇ ਸਮਾਨਤਾ ਵਿਚ ਪ੍ਰਸੇਂਟੇਜ ਹੈ, ਪ੍ਰਸੇਂਟੇਜ ਮਾਨਾ ਡੀਫੈਕਟ, ਅਜਿਹੇ ਡੀਫੈਕਟ ਵਾਲਾ ਕਦੇ ਪ੍ਰਫੇਕਟ ਨਹੀਂ ਬਣ ਸਕਦਾ। ਪ੍ਰਫੇਕਟ ਬਣਨ ਲਈ ਬਾਪ ਦੇ ਲਵ ਵਿਚ ਸਦਾ ਲਵਲੀਨ ਰਹੋ। ਸਦਾ ਲਵ ਵਿਚ ਲਵਲੀਨ ਰਹਿਣ ਤੇ ਸਹਿਜ ਹੀ ਹੋਰਾਂ ਨੂੰ ਵੀ ਆਪ ਸਮਾਨ ਅਤੇ ਬਾਪ ਸਮਾਨ ਬਣਾ ਸਕੋਗੇ। ਬਾਪਦਾਦਾ ਆਪਣੇ ਲਵਲੀ ਅਤੇ ਲਵਲੀ ਰਹਿਣ ਵਾਲੇ ਬੱਚਿਆਂ ਨੂੰ ਤੱਤ ਤਵਮ ਦਾ ਵਰਦਾਨ ਦਿੰਦੇ ਹਨ।

ਸਲੋਗਨ:- ਇੱਕ ਦੂਜੇ ਦੇ ਵਿਚਾਰਾਂ ਨੂੰ ਰਿਗਾਰਡ ਦਵੋ ਤਾਂ ਖੁਦ ਦਾ ਰਿਕਾਰਡ ਚੰਗਾ ਬਣ ਜਾਵੇਗਾ।

******

ਅਵਿਅਕਤ ਇਸ਼ਾਰੇ :- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦ੍ਵਾਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਮਨਸਾ ਸੇਵਾ ਦੇ ਲਈ ਮਨ, ਬੁੱਧੀ ਵਿਅਰਥ ਸੋਚਣ ਤੋਂ ਮੁਕਤ ਹੋਣਾ ਚਾਹੀਦਾ ਹੈ। ‘ਮਨਮਨਾਭਵ’ ਦੇ ਮੰਤ੍ਰ ਦਾ ਸਹਿਜ ਸਵਰੂਪ ਹੋਣਾ ਚਾਹੀਦਾ ਹੈ, ਜਿਨ੍ਹਾਂ ਸ੍ਰੇਸ਼ਠ ਆਤਮਾਵਾਂ ਦੀ ਮਨਸਾ ਮਤਲਬ ਸੰਕਲਪ ਸ੍ਰੇਸ਼ਠ ਅਤੇ ਸ਼ਕਤੀਸ਼ਾਲੀ ਹਨ, ਸ਼ੁਭ ਭਾਵਨਾ, ਸ਼ੁਭ ਕਾਮਨਾ ਵਾਲੇ ਹਨ ਉਹ ਮਨਸਾ ਦ੍ਵਾਰਾ ਸ਼ਕਤੀਆਂ ਦਾ ਦਾਨ ਦੇ ਸਕਦੇ ਹਨ।